# ਕਾਰਡੀਅਕ ਦੌਰਾ ਬਨਾਮ ਦਿਲ ਦਾ ਦੌਰਾ

**ਲੋਕ ਅਕਸਰ ਇਨ੍ਹਾਂ ਸ਼ਬਦਾਂ ਨੂੰ ਇੱਕ ਦੂਜੇ ਦੇ ਬਦਲੇ ਵਰਤਦੇ ਹਨ, ਪਰ ਉਹ ਇੱਕੋ ਜਿਹੇ ਨਹੀਂ ਹੁੰਦੇ ਹਨ।**

## **ਕਾਰਡੀਅਕ ਦੌਰਾ** ਕੀ ਹੈ?

**ਇੱਕ ਕਾਰਡੀਅਕ ਦੌਰੇ ਵਿੱਚ ਦਿਲ ਅਚਾਨਕ ਧੜਕਣਾ ਬੰਦ ਕਰ ਦਿੰਦਾ ਹੈ।** ਇਹ ਆਮ ਤੌਰ 'ਤੇ ਇੱਕ ਬਿਜਲੀ ਦੀ ਸਮੱਸਿਆ ਕਾਰਨ ਹੁੰਦਾ ਹੈ, ਜਿਸ ਕਾਰਨ ਦਿਲ ਅਨਿਯਮਿਤ ਤੌਰ 'ਤੇ ਧੜਕਦਾ ਹੈ।

ਜਦੋਂ ਦਿਲ ਖੂਨ ਪੰਪ ਕਰਨਾ ਬੰਦ ਕਰ ਦਿੰਦਾ ਹੈ, ਤਾਂ ਇਹ ਦਿਮਾਗ, ਫੇਫੜਿਆਂ ਅਤੇ ਹੋਰ ਮਹੱਤਵਪੂਰਨ ਅੰਗਾਂ ਤੱਕ ਖੂਨ ਨਹੀਂ ਭੇਜ ਸਕਦਾ।

### ਕੀ ਹੁੰਦਾ ਹੈ

**ਕਾਰਡੀਅਕ ਦੌਰੇ ਵਾਲਾ ਵਿਅਕਤੀ ਬੇਹੋਸ਼ ਹੋ ਸਕਦਾ ਹੈ। ਹੋ ਸਕਦਾ ਹੈ ਕਿ ਉਹ ਸਾਹ ਲੈਣਾ ਬੰਦ ਕਰ ਦੇਣ ਜਾਂ ਸਿਰਫ਼ ਹੜਬੜਾਹਟ ਨਾਲ ਸਾਹ ਲੈਣ।**

**ਜੇ ਉਨ੍ਹਾਂ ਨੂੰ ਤੁਰੰਤ ਮਦਦ ਨਹੀਂ ਮਿਲਦੀ, ਤਾਂ ਉਨ੍ਹਾਂ ਦੀ ਮੌਤ ਹੋ ਸਕਦੀ ਹੈ।**

### ਕੀ ਕਰਨਾ ਹੈ

ਜੇ ਕਿਸੇ ਨੂੰ ਕਾਰਡੀਅਕ ਦੌਰਾ ਪੈਂਦਾ ਹੈ, ਤਾਂ ਤੁਰੰਤ CPR ਕਰਨ ਨਾਲ ਬਚਣ ਦੇ ਮੌਕੇ ਦੋ ਗੁਣਾ ਜਾਂ ਤਿੰਨ ਗੁਣਾ ਵੱਧ ਸਕਦੇ ਹਨ।

1. **ਪਹਿਲਾਂ, 911 ਨੂੰ ਕਾਲ ਕਰੋ** (ਜਾਂ ਸਥਾਨਕ ਐਮਰਜੈਂਸੀ ਜਵਾਬ ਨੰਬਰ 'ਤੇ ਕਾਲ ਕਰੋ)।
2. **ਫਿਰ CPR ਸ਼ੁਰੂ ਕਰੋ।** ਜੇ ਨਜ਼ਦੀਕ ਕੋਈ ਆਟੋਮੇਟਿਡ ਐਕਸਟਰਨਲ ਡੀਫਿਬ੍ਰਿਲੇਟਰ (AED) ਹੈ, ਤਾਂ ਜਿੰਨੀ ਜਲਦੀ ਹੋ ਸਕੇ ਇਸਦੀ ਵਰਤੋਂ ਕਰੋ।

ਜੇ ਦੋ ਵਿਅਕਤੀ ਮਦਦ ਕਰ ਰਹੇ ਹਨ, ਤਾਂ ਇੱਕ ਨੂੰ CPR ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਦੂਜੇ ਵਿਅਕਤੀ ਨੂੰ 911 'ਤੇ ਕਾਲ ਕਰ ਦੇਣੀ ਚਾਹੀਦੀ ਹੈ ਅਤੇ AED ਦੀ ਭਾਲ ਕਰਨੀ ਚਾਹੀਦੀ ਹੈ।

**ਹਰੇਕ ਮਿੰਟ ਮਹੱਤਵਪੂਰਨ ਹੈ।** ਮਦਦ ਤੋਂ ਬਿਨਾਂ ਹਰੇਕ ਮਿੰਟ ਨਾਲ ਬਚਣ ਦੇ ਮੌਕੇ 10% ਘੱਟ ਜਾਂਦੇ ਹਨ। ਐਮਰਜੈਂਸੀ ਸਟਾਫ਼ ਕਿਸੇ ਅਜਿਹੇ ਵਿਅਕਤੀ ਨੂੰ ਮੁੜ-ਜਿਉਂਦਾ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ ਜਿਸਦੇ ਦਿਲ ਦੀ ਧੜਕਨ ਰੁੱਕ ਜਾਂਦੀ ਹੈ।

## ਇੱਕ **ਦਿਲ ਦਾ ਦੌਰਾ** ਕੀ ਹੁੰਦਾ ਹੈ?

**ਇੱਕ ਦਿਲ ਦੇ ਦੌਰੇ ਵਿੱਚ, ਖੂਨ ਇੱਕ ਮੁੱਖ ਨਾੜੀ ਬੰਦ ਹੋਣ ਕਾਰਨ ਦਿਲ ਦੇ ਕੁਝ ਹਿੱਸੇ ਤੱਕ ਨਹੀਂ ਪਹੁੰਚ ਸਕਦਾ।**

ਜੇ ਇਸ ਸਰਕੂਲੇਸ਼ਨ ਦੀ ਸਮੱਸਿਆ ਨੂੰ ਜਲਦੀ ਠੀਕ ਨਹੀਂ ਕੀਤਾ ਜਾਂਦਾ, ਤਾਂ ਲੋੜੀਂਦਾ ਖੂਨ ਪ੍ਰਾਪਤ ਨਾ ਕਰਨ ਵਾਲੇ ਦਿਲ ਦੇ ਹਿੱਸੇ ਵਿੱਚ ਸਰਕੂਲੇਸ਼ਨ ਬੰਦ ਹੋਣੀ ਸ਼ੁਰੂ ਹੋ ਜਾਵੇਗੀ।




### ਕੀ ਹੁੰਦਾ ਹੈ

ਦਿਲ ਦੇ ਦੌਰੇ ਦੇ ਲੱਛਣ ਅਚਾਨਕ ਹੋ ਸਕਦੇ ਹਨ। ਇਨ੍ਹਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਛਾਤੀ ਵਿੱਚ ਗੰਭੀਰ ਦਰਦ
- ਸਰੀਰ ਦੇ ਉੱਪਰਲੇ ਹਿੱਸੇ ਦੇ ਹੋਰ ਹਿੱਸਿਆਂ ਵਿੱਚ ਬੇਚੈਨੀ
- ਸਾਹ ਔਖਾ ਆਉਣਾ
- ਪਸੀਨਾ ਆਉਣਾ
- ਪੇਟ ਵਿੱਚ ਗੜਬੜ ਮਹਿਸੂਸ ਹੋਣਾ

**ਕਦੇ-ਕਦਾਈਂ, ਲੱਛਣ ਹੌਲੀ-ਹੌਲੀ ਸ਼ੁਰੂ ਹੁੰਦੇ ਹਨ ਅਤੇ ਘੰਟਿਆਂ ਜਾਂ ਦਿਨਾਂ ਤੱਕ ਚਲਦੇ ਰਹਿੰਦੇ ਹਨ। ਕਾਰਡੀਅਕ ਦੌਰੇ ਦੇ ਉਲਟ, ਆਮ ਤੌਰ 'ਤੇ ਦਿਲ ਦੇ ਦੌਰੇ ਦੌਰਾਨ ਦਿਲ ਦੀ ਧੜਕਣ ਬੰਦ ਨਹੀਂ ਹੁੰਦੀ।**

ਮਦਦ ਪ੍ਰਾਪਤ ਕਰਨ ਵਿੱਚ ਜ਼ਿਆਦਾ ਸਮਾਂ ਲੱਗਣ ਨਾਲ, ਦਿਲ ਦੀ ਧੜਕਨ ਰੁਕਣ ਦਾ ਖ਼ਤਰਾ ਵੱਧ ਜਾਂਦਾ ਹੈ।

ਕਿਸੇ ਨੂੰ ਵੀ ਦਿਲ ਦਾ ਦੌਰਾ ਆ ਸਕਦਾ ਹੈ। **ਔਰਤਾਂ, ਡਾਇਬੀਟਿਜ਼ ਵਾਲੇ ਲੋਕਾਂ ਅਤੇ ਵੱਧ ਉਮਰ ਦੇ ਬਾਲਗਾਂ ਵਿੱਚ, ਲੱਛਣ ਸਪਸ਼ਟ ਨਹੀਂ ਹੋ ਸਕਦੇ।** ਉਦਾਹਰਨ ਲਈ, ਹੋ ਸਕਦਾ ਹੈ ਕਿ ਉਨ੍ਹਾਂ ਨੂੰ ਛਾਤੀ ਵਿੱਚ ਦਰਦ ਨਾ ਹੋਵੇ।

### ਕੀ ਕਰਨਾ ਹੈ

ਭਾਵੇਂ ਤੁਹਾਨੂੰ ਯਕੀਨ ਨਹੀਂ ਹੈ ਕਿ ਇਹ ਦਿਲ ਦਾ ਦੌਰਾ ਹੈ, ਫਿਰ ਵੀ ਆਪਣੇ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ। ਹਰ ਮਿੰਟ ਮਹੱਤਵਪੂਰਨ ਹੈ!

ਐਮਰਜੈਂਸੀ ਰੂਮ ਵਿੱਚ ਤੁਰੰਤ ਪਹੁੰਚਣ ਲਈ ਆਪਣੇ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰਨਾ ਸਭ ਤੋਂ ਵਧੀਆ ਹੈ।

ਐਮਰਜੈਂਸੀ ਮੈਡੀਕਲ ਸੇਵਾਵਾਂ (EMS) ਸਟਾਫ਼ ਪਹੁੰਚਣ 'ਤੇ ਇਲਾਜ ਸ਼ੁਰੂ ਕਰ ਸਕਦਾ ਹੈ। ਐਂਬੂਲੈਂਸ ਰਾਹੀਂ ਆਉਣ ਵਾਲੇ ਛਾਤੀ ਵਿੱਚ ਦਰਦ ਵਾਲੇ ਮਰੀਜ਼, ਆਮ ਤੌਰ 'ਤੇ ਹਸਪਤਾਲ ਵਿੱਚ ਵੀ ਤੇਜ਼ੀ ਨਾਲ ਇਲਾਜ ਪ੍ਰਾਪਤ ਕਰਦੇ ਹਨ।

### ਲਿੰਕ ਕੀ ਹੈ?

**ਜ਼ਿਆਦਾਤਰ ਦਿਲ ਦੇ ਦੌਰੇ ਕਾਰਡੀਅਕ ਦੌਰੇ ਦਾ ਕਾਰਨ ਨਹੀਂ ਬਣਦੇ। ਪਰ ਦਿਲ ਦੇ ਦੌਰੇ ਨੂੰ ਕਾਰਡੀਅਕ ਦੌਰਾ ਹੋਣ ਦਾ ਇੱਕ ਆਮ ਕਾਰਨ ਮੰਨਿਆ ਜਾਂਦਾ ਹੈ।**

ਹੋਰ ਸਮੱਸਿਆਵਾਂ ਵੀ ਦਿਲ ਦੀ ਧੜਕਨ ਦੇ ਰੁਕਣ ਦਾ ਕਾਰਨ ਬਣ ਸਕਦੀਆਂ ਹਨ।

ਤੁਹਾਡੇ ਖੇਤਰ ਵਿੱਚ ਸਿਖਲਾਈ ਕਲਾਸਾਂ ਸਮੇਤ American Heart Association CPR 'ਤੇ ਹੋਰ ਜਾਣਕਾਰੀ ਲਈ, heart.org/ NATION'ਤੇ ਜਾਓ। (ਅੰਗਰੇਜ਼ੀ ਵਿੱਚ ਵੈੱਬਸਾਈਟ)

**ਸਾਨੂੰ ਇਸ 'ਤੇ ਫਾਲੋ ਕਰੋ:** @American_Heart

© Copyright 2025 American Heart Association, Inc., a 501(c)(3) ਮੁਨਾਫ਼ੇ ਲਈ ਨਹੀਂ। ਸਾਰੇ ਹੱਕ ਰਾਖਵੇਂ ਹਨ। AHA ਦਾ ਟ੍ਰੇਡਮਾਰਕ। ਅਣਅਧਿਕਾਰਤ ਵਰਤੋਂ ਵਰਜਿਤ ਹੈ। WF777626 1/25